# ਮਾਪਿਆਂ ਅਤੇ ਬਜ਼ੁਰਗਾਂ ਦੀ ਦੇਖ-ਭਾਲ ਅਤੇ ਭਲਾਈ ਲਈ ਐਕਟ, 2007

**(The Maintenance and Welfare of Parents and Senior Citizens Act, 2007)**

ਇਕ ਕਾਨੂੰਨ ਜਿਸ ਰਾਹੀਂ ਸੰਵਿਧਾਨ ਵਿੱਚ ਮਾਪਿਆਂ ਅਤੇ ਬਜ਼ੁਰਗ ਨਾਗਰਿਕਾਂ ਦੀ ਦੇਖ-ਭਾਲ ਅਤੇ ਭਲਾਈ ਅਤੇ ਇਸ ਨਾਲ ਜੁੜੇ ਤੇ ਹੋਰ ਇਤਿਫਾਕੀ ਮਾਮਲਿਆਂ ਦੀ ਵਿਵਸਥਾ ਨੂੰ ਹੋਰ ਅਸਰਦਾਇਕ ਕਰਨ ਲਈ ਭਾਰਤ ਗਣਤੰਤਰ ਦੇ ਅਠਵੰਜਵੇਂ ਸਾਲ ਵਿੱਚ ਸੰਸਦ ਵੱਲੋਂ ਪਾਸ ਕੀਤਾ ਗਿਆ।

## ਅਧਿਆਇ I

### ਪ੍ਰਾਰੰਭਿਕ

1. **ਸੰਖੇਪ ਸਿਰਲੇਖ, ਖੇਤਰ, ਪ੍ਰਭਾਵ, ਅਰੰਭਤਾ:**

(1) **ਇਸ ਐਕਟ ਨੂੰ ਮਾਪਿਆਂ ਅਤੇ ਬਜ਼ੁਰਗ ਨਾਗਰਿਕਾਂ ਦੀ ਦੇਖ-ਭਾਲ ਅਤੇ ਭਲਾਈ ਐਕਟ,** 2007 ਆਖਿਆ ਜਾਵੇਗਾ।

(2) ਇਸ ਦਾ ਖੇਤਰ ਰਿਆਸਤ ਜੰਮੂ ਅਤੇ ਕਸ਼ਮੀਰ ਨੂੰ ਛੱਡ ਕੇ ਸਾਰਾ ਭਾਰਤ ਹੋਵੇਗਾ ਅਤੇ ਇਸ ਦੇ ਪ੍ਰਭਾਵ ਵਿੱਚ ਭਾਰਤ ਵਿਚਲੇ ਅਤੇ ਬਾਹਰਲੇ ਸਾਰੇ ਭਾਰਤੀ ਨਾਗਰਿਕ ਆਉਂਣਗੇ।

(3) ਇਹ ਕਿਸੇ ਰਾਜ ਵਿੱਚ ਉਸ ਮਿਤੀ ਤੋਂ ਲਾਗੂ ਹੋਵੇਗਾ ਜਦੋਂ ਤੋਂ ਰਾਜ ਸਰਕਾਰੀ ਗਜ਼ਟ ਵਿੱਚ ਇਸ ਦੀ ਅਧਿਸੂਚਨਾ ਜਾਰੀ ਕਰੇਗਾ ।

2. **ਪਰਿਭਾਸ਼ਾਵਾਂ:** ਇਸ ਐਕਟ ਵਿੱਚ, ਜਦਕਿ ਪ੍ਰਸੰਗ ਵਿੱਚ ਇਸ ਦਾ ਮਤਲਬ ਹੋਰ ਨਾ ਲੋੜੀਂਦਾ ਹੋਵੇ,-

(ੳ) 'ਬੱਚੇ': ਇਸ ਵਿੱਚ ਪੁੱਤਰ, ਧੀ, ਪੋਤਾ, ਪੋਤੀ, ਦੋਹਤਾ, ਦੋਹਤੀ ਸ਼ਾਮਿਲ ਹਨ ਪਰ ਨਾਬਾਲਗ ਸ਼ਾਮਲ ਨਹੀਂ;

(ਅ) 'ਦੇਖ-ਭਾਲ' ਵਿੱਚ ਭੋਜਨ, ਰਿਹਾਇਸ਼, ਇਲਾਜ ਅਤੇ ਚਕਿਤਸਾ ਸੇਵਾਵਾਂ ਸ਼ਾਮਲ ਹਨ;

(ੲ) 'ਨਾਬਾਲਗ' ਦਾ ਅਰਥ ਉਹ ਵਿਅਕਤੀ ਹੈ ਜਿਹੜਾ ਭਾਰਤੀ ਪ੍ਰੌਢਤਾ ਕਾਨੂੰਨ, 1875 (ਇੰਡੀਅਨ ਮਜੋਰਿਟੀ ਐਕਟ, 1875) ਦੀ ਧਾਰਾ 9 ਅਨੁਸਾਰ ਬਾਲਗ ਆਯੂ ਦਾ ਨਾ ਹੋਇਆ ਹੋਵੇ;

(ਸ) 'ਮਾਪੇ' ਦਾ ਅਰਥ ਪਿਤਾ ਜਾਂ ਮਾਤਾ ਭਾਵੇਂ ਖ਼ੂਨ ਦੇ ਰਿਸ਼ਤੇ ਤੋਂ, ਜਾਂ ਮੁਤਬੰਨੇ ਤੋਂ, ਜਾਂ ਮਤ੍ਰੇਇਆ ਪਿਤਾ, ਜਾਂ ਮਤ੍ਰੇਈ ਮਾਤਾ, ਜਿਵੇਂ ਵੀ ਹੋਵੇ, ਭਾਵੇਂ ਪਿਤਾ ਜਾਂ ਮਾਤਾ;

(ਹ) 'ਨਿਯਤ' ਦਾ ਅਰਥ ਇਸ ਐਕਟ ਅਧੀਨ ਰਾਜ ਸਰਕਾਰ ਵਲੋਂ ਬਣਾਏ ਨਿਯਮਾਂ ਅਨੁਸਾਰ ਨਿਯਤ;

(ਕ) 'ਜਾਇਦਾਦ' ਦਾ ਅਰਥ ਕਿਸੇ ਵੀ ਕਿਸਮ ਦੀ ਜਾਇਦਾਦ, ਚੱਲ ਜਾਂ ਅਚੱਲ, ਵਿਰਸੇ ਵਿੱਚ ਮਿਲੀ ਜਾਂ ਆਪ ਬਣਾਈ, ਸਥੂਲ ਜਾਂ ਅਸਥੂਲ, ਅਜਿਹੀ ਜਾਇਦਾਦ ਦੇ ਹੱਕਾਂ ਜਾਂ ਗਰਜ਼ ਸਮੇਤ;

(ਖ) 'ਸੰਬੰਧੀ' ਦਾ ਅਰਥ ਬੇਔਲਾਦ ਬਜ਼ੁਰਗ ਨਾਗਰਿਕ ਦਾ ਕਾਨੂੰਨੀ ਵਾਰਸ ਜਿਹੜਾ ਨਾਬਾਲਗ ਨਾ ਹੋਵੇ ਅਤੇ ਉਸ ਦੀ ਜਾਇਦਾਦ ਦਾ ਮਾਲਕ ਹੋਵੇ ਜਾਂ ਉਸ ਦੀ ਮ੍ਰਿਤੂ ਪਿੱਛੋਂ ਵਿਰਸੇ ਵਿੱਚ ਲੈ ਲਵੇ;



(ਗ) 'ਬਜ਼ੁਰਗ ਨਾਗਰਿਕ' ਦਾ ਅਰਥ ਕੋਈ ਵਿਅਕਤੀ ਜਿਹੜਾ ਭਾਰਤ ਦਾ ਨਾਗਰਿਕ ਹੋਵੇ ਅਤੇ ਉਹ ਸੱਠ ਸਾਲ ਜਾਂ ਇਸ ਤੋਂ ਵੱਧ ਆਯੂ ਦਾ ਹੋਵੇ;

(ਘ) 'ਰਾਜ ਸਰਕਾਰ' ਦਾ ਅਰਥ ਯੂ. ਟੀ. ਦੇ ਸੰਬੰਧ ਵਿੱਚ ਸੰਵਿਧਾਨ ਦੀ ਧਾਰਾ 239 ਅਧੀਨ ਨਿਯੁਕਤ ਕੀਤਾ ਪ੍ਰਸ਼ਾਸਕ ;

(ਙ) 'ਟ੍ਰਿਬਿਊਨਲ' ਦਾ ਅਰਥ ਭਾਗ 7 ਅਧੀਨ ਨਿਰਮਤ ਮੇਨਟੀਨੈਂਸ ਟ੍ਰਿਬਿਊਨਲ

(ਚ) 'ਭਲਾਈ' ਦਾ ਅਰਥ ਭੋਜਨ, ਸਿਹਤ ਸੰਭਾਲ, ਮਨੋਰੰਜਨ ਕੇਂਦਰ ਅਤੇ ਬਜ਼ੁਰਗ ਨਾਗਰਿਕਾਂ ਲਈ ਲੋੜੀਂਦੀਆਂ ਹੋਰ ਸਹੂਲਤਾਂ।

3. **ਐਕਟ ਦਾ ਹੋਰ ਪ੍ਰਭਾਵ:**

ਇਸ ਐਕਟ ਤੋਂ ਇਲਾਵਾ ਕਿਸੇ ਹੋਰ ਐਕਟ ਵਿੱਚ ਜੋ ਇਸ ਨਾਲ ਕੁਝ ਵੀ ਮੇਲ ਨਾ ਖਾਂਦਾ ਹੋਵੇ; ਜਾਂ ਇਸ ਐਕਟ ਤੋਂ ਇਲਾਵਾ ਕਿਸੇ ਹੋਰ ਐਕਟ ਰਾਂਹੀ ਪਾਸ ਹੋਇਆ ਇਖ਼ਤਿਆਰੀ ਪੱਤਰ ਉੱਪਰ ਇਸ ਐਕਟ ਦੀਆਂ ਵਿਵਸਥਾਵਾਂ ਪ੍ਰਭਾਵੀ ਹੋਣਗੀਆਂ।

## ਅਧਿਆਇ II

### ਮਾਪਿਆਂ ਅਤੇ ਬਜ਼ੁਰਗ ਨਾਗਰਿਕਾਂ ਦੀ ਦੇਖ-ਭਾਲ

4. **ਮਾਪਿਆਂ ਅਤੇ ਬਜ਼ੁਰਗ ਨਾਗਰਿਕਾਂ ਦੀ ਦੇਖ-ਭਾਲ:**

(1) ਕੋਈ ਵੀ ਬਜ਼ੁਰਗ ਨਾਗਰਿਕ ਜਾਂ ਮਾਪੇ ਜਿਹੜਾ ਆਪਣੀ ਆਮਦਨ ਦੇ ਸਿਰ ਤੇ ਜਾਂ ਆਪਣੀ ਜਾਇਦਾਦ ਦੇ ਸਿਰ ਤੇ ਆਪਣੀ ਦੇਖ-ਭਾਲ ਨਹੀਂ ਕਰ ਸਕਦਾ, ਉਹ ਭਾਗ 5 ਤਹਿਤ ਬਿਨੈ-ਪੱਤਰ ਦੇ ਸਕਦਾ ਹੈ-

(ੳ) ਮਾਪੇ ਜਾਂ ਗ੍ਰੈਂਡ ਪੇਰੈਂਟ (ਦਾਦਾ, ਦਾਦੀ, ਨਾਨਾ, ਨਾਨੀ) ਆਪਣੇ ਇੱਕ ਜਾਂ ਇੱਕ ਤੋਂ ਵੱਧ ਬੱਚਿਆਂ ਜਿਹੜੇ ਨਾਬਾਲਗ ਨਾ ਹੋਣ, ਦੇ ਖ਼ਿਲਾਫ਼;

(ਅ) ਇੱਕ ਬੇਔਲਾਦ ਬਜ਼ੁਰਗ ਨਾਗਰਿਕ ਆਪਣੇ ਅਜਿਹੇ ਸੰਬੰਧੀ, ਅਧਿਆਇ I ਦੇ ਭਾਗ 2 ਦੇ ਉਪਬੰਧ (ਖ) ਵਿੱਚ ਦਿੱਤੇ ਹਵਾਲੇ ਅਨੁਸਾਰ, ਦੇ ਖ਼ਿਲਾਫ਼;

(2) ਬੱਚਿਆਂ ਜਾਂ ਰਿਸ਼ਤੇਦਾਰ, ਜਿਵੇਂ ਵੀ ਸਥਿਤੀ ਹੋਵੇ, ਦੀ ਬਜ਼ੁਰਗ ਨਾਗਰਿਕ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਹੋਵੇਗੀ ਤਾਂਕਿ ਉਹ ਨਾਗਰਿਕ ਆਮ ਪੱਧਰ ਦਾ ਜੀਵਨ ਗੁਜ਼ਾਰ ਸਕੇ;

(3) ਬੱਚਿਆਂ ਦੀ ਆਪਣੇ **ਮਾਪਿਆਂ** ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਅਜਿਹੇ ਮਾਪੇ, ਪਿਤਾ ਜਾਂ ਮਾਤਾ ਜਾਂ ਦੋਵਾਂ ਦੀਆਂ ਲੋੜਾਂ ਪ੍ਰਤਿ, ਜਿਵੇਂ ਦੀ ਹਾਲਤ ਹੋਵੇ, ਹੋਵੇਗੀ; ਤਾਂਕਿ ਉਹ ਆਮ ਪੱਧਰ ਦਾ ਜੀਵਨ ਗੁਜ਼ਾਰ ਸਕਣ;

(4) ਬਜ਼ੁਰਗ ਨਾਗਰਿਕ ਦਾ ਕੋਈ ਰਿਸ਼ਤੇਦਾਰ, ਜਿਸ ਕੋਲ ਬਜ਼ੁਰਗ ਦੀ ਦੇਖ-ਭਾਲ ਕਰ ਸਕਣ ਦੇ ਉਚਿੱਤ ਵਸੀਲੇ ਹੋਣ ਉਸ ਦੀ ਦੇਖ-ਭਾਲ ਕਰੇਗਾ ਬਸ਼ਰਤੇ ਉਸ ਵਿਅਕਤੀ ਕੋਲ ਬਜ਼ੁਰਗ ਨਾਗਰਿਕ ਦੀ ਜਾਇਦਾਦ ਦੀ ਮਾਲਕੀ ਹੋਵੇ ਜਾਂ ਉਸ ਨੂੰ ਬਜ਼ੁਰਗ ਨਾਗਰਿਕ ਦੀ ਜਾਇਦਾਦ ਵਿਰਸੇ ਵਿੱਚ ਮਿਲਣੀ ਹੋਵੇ;

ਜੇਕਰ ਰਿਸ਼ਤੇਦਾਰ ਇੱਕ ਤੋਂ ਵਧੀਕ ਹੋਣ, ਤਦ ਉਹ ਬਜ਼ੁਰਗ ਨਾਗਰਿਕ ਦੀ ਦੇਖ-ਭਾਲ ਦਾ ਖ਼ਰਚਾ ਆਪਣੇ ਹਿੱਸੇ ਆਉਂਦੀ ਜਾਇਦਾਦ ਦੇ ਅਨੁਪਾਤ ਅਨੁਸਾਰ ਅਦਾ ਕਰਨਗੇ।

5. **ਦੇਖ-ਭਾਲ (ਗੁਜ਼ਾਰੇ) ਭੱਤੇ ਲਈ ਬਿਨੈ-ਪੱਤਰ:**

(1) ਭਾਗ 4 ਦੇ ਤਹਿਤ ਬਿਨੈ-ਪੱਤਰ ਦਿੱਤਾ ਜਾ ਸਕਦਾ ਹੈ-

(ੳ) ਬਜ਼ੁਰਗ ਨਾਗਰਿਕ ਜਾਂ **ਮਾਪਿਆਂ** ਦੁਆਰਾ, ਜਿਵੇਂ ਦੀ ਵੀ ਹਾਲਤ ਹੋਵੇ; ਜਾਂ

(ਅ) ਜੇਕਰ ਉਹ ਅਸਮਰੱਥ ਹੋਵੇ, ਤਦ ਕੋਈ ਹੋਰ ਵਿਅਕਤੀ ਜਾਂ ਸੰਸਥਾ ਜਿਸ ਨੂੰ ਵੀ ਉਹ ਅਧਿਕਾਰ ਦੇਵੇ; ਜਾਂ

(ੲ) ਟ੍ਰਿਬਿਊਨਲ ਆਪਣੇ ਤੌਰ ਤੇ ਕਾਰਵਾਈ ਕਰ ਸਕਦਾ ਹੈ।

**ਵਿਆਖਿਆ**-ਇਸ ਭਾਗ ਦੇ ਮਨੋਰਥਾਂ ਲਈ ਸੰਸਥਾ ਦਾ ਅਰਥ ਹੈ ਸੋਸਾਇਟੀਜ਼ ਪੰਜੀਕ੍ਰਿਤ ਐਕਟ, 1860 (ਧਾਰਾ 21), ਜਾਂ ਉਸ ਸਮੇਂ ਲਾਗੂ ਕਿਸੇ ਵੀ ਹੋਰ ਕਾਨੂੰਨ ਅਧੀਨ ਰਜਿਸਟਰ ਹੋਈ ਕੋਈ ਵੀ ਸਵੈਇੱਛਤ ਅਸੋਸੀਏਸ਼ਨ।

(2) ਟ੍ਰਿਬਿਊਨਲ ਮਾਸਿਕ ਭੱਤੇ ਦੇ ਸੰਬੰਧ ਵਿੱਚ ਚੱਲ ਰਹੀ ਕਾਰਵਾਈ ਦੌਰਾਨ ਬੱਚਿਆਂ ਜਾਂ ਰਿਸ਼ਤੇਦਾਰ ਨੂੰ ਹੁਕਮ ਕਰ ਸਕਦਾ ਹੈ ਕਿ ਉਹ ਸੰਬੰਧਿਤ ਬਜ਼ੁਰਗ ਨਾਗਰਿਕ ਜਾਂ **ਮਾਪਿਆਂ** ਨੂੰ ਅੰਤ੍ਰਿਮ ਗੁਜ਼ਾਰੇ ਲਈ ਮਾਸਿਕ ਭੱਤਾ, ਜਿਵੇਂ ਟ੍ਰਿਬਿਊਨਲ ਸਮੇਂ ਸਮੇਂ ਨਿਰਦੇਸ਼ ਦੇਵੇ, ਅਦਾ ਕਰੇ।

(3) ਉਪ-ਭਾਗ (1) ਅਧੀਨ ਗੁਜ਼ਾਰੇ ਭੱਤੇ ਲਈ ਬਿਨੈ-ਪੱਤਰ ਮਿਲਣ ਉਪਰੰਤ ਬੱਚਿਆਂ ਜਾਂ ਰਿਸ਼ਤੇਦਾਰ ਨੂੰ ਨੋਟਿਸ ਦੇਣ ਪਿੱਛੋਂ, ਅਤੇ ਸੰਬੰਧਿਤ ਧਿਰਾਂ ਨੂੰ ਸੁਣਵਾਈ ਦਾ ਮੌਕਾ ਦੇਣ ਉਪਰੰਤ ਗੁਜ਼ਾਰੇ ਭੱਤੇ ਦੀ ਰਕਮ ਨਿਸ਼ਚਿਤ ਕਰਨ ਲਈ ਪੜਤਾਲ ਕੀਤੀ ਜਾਵੇਗੀ।

(4) ਉਪ-ਭਾਗ (2) ਅਧੀਨ ਮਾਸਿਕ ਗੁਜ਼ਾਰੇ ਭੱਤੇ ਅਤੇ ਕਾਰਵਾਈ ਦੇ ਖ਼ਰਚਿਆਂ ਲਈ ਬਿਨੈ-ਪੱਤਰ ਉੱਤੇ ਕਾਰਵਾਈ ਸੰਬੰਧਿਤ ਵਿਅਕਤੀ ਨੂੰ ਦਿੱਤੇ ਨੋਟਿਸ ਦੀ ਮਿਤੀ ਤੋਂ ਨੱਬੇ ਦਿਨਾਂ ਦੇ ਅੰਦਰ ਮੁਕੰਮਲ ਕੀਤੀ ਜਾਵੇਗੀ।

ਟ੍ਰਿਬਿਊਨਲ ਇਸ ਅਵਧੀ ਨੂੰ ਵਿਸ਼ੇਸ਼ ਹਾਲਤਾਂ ਵਿੱਚ, ਕਾਰਨਾਂ ਨੂੰ ਲਿਖਤੀ ਰੂਪ ਵਿੱਚ ਦਰਜ ਕਰਕੇ ਇੱਕ ਵਾਰੀ ਵਧ ਤੋਂ ਵਧ ਤੀਹ ਦਿਨਾਂ ਤੱਕ ਵਧਾ ਸਕਦਾ ਹੈ।

(5) ਉਪ-ਭਾਗ (1) ਅਧੀਨ ਗੁਜ਼ਾਰੇ ਭੱਤੇ ਲਈ ਬਿਨੈ-ਪੱਤਰ ਇੱਕ ਜਾਂ ਵਧੇਰੇ ਵਿਅਕਤੀਆਂ ਦੇ ਖ਼ਿਲਾਫ਼ ਦਿੱਤਾ ਜਾ ਸਕਦਾ ਹੈ। ਬਸ਼ਰਤੇ ਕਿ ਅਜਿਹੇ ਬੱਚੇ ਜਾਂ ਰਿਸ਼ਤੇਦਾਰ ਬਿਨੈ-ਪੱਤਰ ਰਾਹੀਂ ਹੋਰਨਾ ਵਿਅਕਤੀਆਂ ਨੂੰ ਸ਼ਾਮਲ ਕਰ ਸਕਦੇ ਹਨ, ਜੋ ਕਿ ਮਾਪਿਆਂ ਦੀ ਦੇਖ-ਭਾਲ ਲਈ ਜ਼ਿੰਮੇਵਾਰ ਹਨ।

(6) ਜਦੋਂ ਗੁਜ਼ਾਰੇ ਲਈ ਹੁਕਮ ਇੱਕ ਤੋਂ ਵਧੀਕ ਵਿਅਕਤੀਆਂ ਨੂੰ ਕੀਤਾ ਜਾਂਦਾ ਹੈ ਤਦ ਉਨ੍ਹਾਂ ਵਿੱਚੋਂ ਕਿਸੇ ਵਿਅਕਤੀ ਦੀ ਮ੍ਰਿਤੂ ਹੋਣ ਤੇ ਦੂਜਿਆਂ ਦੀ ਗੁਜ਼ਾਰੇ ਭੱਤੇ ਲਈ ਅਦਾਇਗੀ ਜਾਰੀ ਰੱਖਣ ਦੀ ਜ਼ਿੰਮੇਵਾਰੀ ਉੱਤੇ ਇਸ ਦਾ ਕੋਈ ਪ੍ਰਭਾਵ ਨਹੀਂ ਪਵੇਗਾ।

(7) ਕਿਸੇ ਵੀ ਗੁਜ਼ਾਰਾ-ਭੱਤਾ ਅਤੇ ਕਾਰਵਾਈ ਦੇ ਖ਼ਰਚੇ ਹੁਕਮ ਦੀ ਮਿਤੀ ਤੋਂ, ਜਾਂ, ਜੇ ਹੁਕਮ ਕੀਤਾ ਗਿਆ ਹੋਵੇ ਤਦ ਗੁਜ਼ਾਰਾ ਭੱਤਾ ਅਤੇ ਕਾਰਵਾਈ ਦੇ ਖ਼ਰਚਿਆਂ ਲਈ ਦਿੱਤੇ ਬਿਨੈ-ਪੱਤਰ ਦੇਣ ਦੀ ਮਿਤੀ ਤੋਂ, ਜਿਵੇਂ ਦੀ ਸਥਿਤੀ ਹੋਵੇ, ਅਦਾਇਗੀ ਯੋਗ ਹੋਣਗੇ।

(8) ਜੇਕਰ ਬੱਚੇ ਜਾਂ ਰਿਸ਼ਤੇਦਾਰ ਦਿੱਤੇ ਹੁਕਮ ਅਨੁਸਾਰ ਕਾਰਵਾਈ ਕਰਨ ਵਿੱਚ, ਬਿਨਾਂ ਕਿਸੇ ਉਚਿੱਤ ਕਾਰਨ ਦੇ, ਅਸਫ਼ਲ ਰਹਿੰਦੇ ਹਨ, ਤਦ ਅਜਿਹਾ ਟ੍ਰਿਬਿਊਨਲ, ਹਰ ਹੁਕਮ



ਅਦੂਲੀ ਤੇ ਰਕਮ ਦੀ ਉਗਰਾਹੀ ਜੁਰਮਾਨਾ ਵਸੂਲ ਕਰਨ ਵਾਂਗ ਵਾਰੰਟ ਜਾਰੀ ਕਰ ਸਕਦਾ ਹੈ ਅਤੇ ਅਜਿਹੇ ਵਿਅਕਤੀ ਨੂੰ ਸਾਰੇ ਜਾਂ ਕਿਸੇ ਹਿੱਸੇ ਦੇ ਮਾਸਿਕ ਗੁਜ਼ਾਰਾ-ਭੱਤਾ ਅਤੇ ਕਾਰਵਾਈ ਦੇ ਖ਼ਰਚਿਆਂ ਦੀ ਜਿਵੇਂ ਵੀ ਕੇਸ ਹੋਵੇ, ਵਾਰੰਟ ਜਾਰੀ ਹੋਣ ਦੇ ਬਾਵਜੂਦ ਵੀ ਜੇਕਰ ਅਦਾ ਨਾ ਕੀਤਾ ਗਿਆ ਤਾਂ ਇੱਕ ਮਹੀਨੇ ਤੱਕ ਜਾਂ ਅਦਾਇਗੀ ਹੋਣ ਤੀਕ, ਜੇਕਰ ਆਦਾਇਗੀ ਛੇਤੀ ਕੀਤੀ ਜਾਵੇ, ਜੋ ਵੀ ਪਹਿਲਾਂ ਹੋਵੇ, ਦੀ ਸਜ਼ਾ ਦੇ ਸਕਦਾ ਹੈ।

ਬਸ਼ਰਤੇ ਬਣਦੀ ਰਕਮ ਦੀ ਅਦਾਇਗੀ ਲਈ ਕੋਈ ਵਾਰੰਟ ਜਾਰੀ ਨਹੀਂ ਹੋਵੇਗਾ ਜਦੋਂ ਤੀਕ ਅਦਾਇਗੀ ਬਣਨ ਦੀ ਮਿਤੀ ਤੋਂ ਤਿੰਨ ਮਹੀਨੇ ਦੇ ਅੰਦਰ ਅੰਦਰ ਟ੍ਰਿਬਿਊਨਲ ਨੂੰ ਇਸ ਦੀ ਉਗਰਾਹੀ ਲਈ ਬਿਨੈ-ਪੱਤਰ ਨਹੀਂ ਦਿੱਤਾ ਜਾਂਦਾ।

6. **ਅਧਿਕਾਰ- ਖੇਤਰ ਅਤੇ ਪ੍ਰਕਿਰਿਆ:**

(1) ਬੱਚਿਆਂ ਜਾਂ ਰਿਸ਼ਤੇਦਾਰ ਦੇ ਖ਼ਿਲਾਫ਼ ਭਾਗ 5 ਦੇ ਅਧੀਨ ਕਾਰਵਾਈ ਉਸ ਕਿਸੇ ਵੀ ਜ਼ਿਲ੍ਹੇ ਵਿੱਚ ਹੋ ਸਕਦੀ ਹੈ-

(ੳ) ਜਿੱਥੇ ਉਹ ਰਹਿੰਦਾ ਹੈ ਜਾਂ ਅਖੀਰਲੇ ਸਮੇਂ ਰਿਹਾ ਹੋਵੇ; ਜਾਂ

(ਅ) ਜਿੱਥੇ ਬੱਚੇ ਜਾਂ ਰਿਸ਼ਤੇਦਾਰ ਰਹਿੰਦੇ ਹੋਣ।

(2) ਭਾਗ 5 ਅਧੀਨ ਬਿਨੈ-ਪੱਤਰ ਪ੍ਰਾਪਤ ਹੋਣ ਉਪਰੰਤ ਟ੍ਰਿਬਿਊਨਲ ਬੱਚਿਆਂ ਜਾਂ ਰਿਸ਼ਤੇਦਾਰ ਜਿਨ੍ਹਾਂ ਦੇ ਖ਼ਿਲਾਫ਼ ਬਿਨੈ-ਪੱਤਰ ਦਿੱਤਾ ਗਿਆ ਹੈ, ਦੀ ਹਾਜ਼ਰੀ ਯਕੀਨੀ ਬਣਾਉਣ ਲਈ ਕਾਰਵਾਈ ਅਰੰਭੇਗਾ।

(3) ਬੱਚਿਆਂ ਜਾਂ ਰਿਸ਼ਤੇਦਾਰ ਦੀ ਹਾਜ਼ਰੀ ਯਕੀਨੀ ਬਣਾਉਣ ਲਈ ਟ੍ਰਿਬਿਊਨਲ ਕੋਲ ਕੋਡ ਆਫ ਕਰਿਮੀਨਲ ਪਰੋਸੀਜ਼ਰਜ਼, 1973 (1974 ਦੀ ਧਾਰਾ 2) ਮੈਜਿਸਟ੍ਰੇਟ ਅੱਵਲ ਦਰਜਾ ਦੇ ਅਧਿਕਾਰ ਹੋਣਗੇ।

(4) ਅਜਿਹੀ ਕਾਰਵਾਈ ਦੇ ਸਾਰੇ ਸਬੂਤ, ਬੱਚਿਆਂ ਜਾਂ ਰਿਸ਼ਤੇਦਾਰ ਜਿਨ੍ਹਾਂ ਦੇ ਖ਼ਿਲਾਫ਼ ਗੁਜ਼ਾਰੇ ਭੱਤੇ ਦੀ ਅਦਾਇਗੀ ਦੇ ਹੁਕਮ ਕੀਤੇ ਜਾਣ ਦਾ ਪ੍ਰਸਤਾਵ ਹੋਣਾ ਹੈ, ਦੀ ਹਾਜ਼ਰੀ ਵਿੱਚ ਲਏ ਜਾਣਗੇ ਅਤੇ ਇਨ੍ਹਾਂ ਨੂੰ ਸੰਮਨ, ਕੇਸਾਂ ਵਿੱਚ ਨਿਰਧਾਰਿਤ ਤਰੀਕੇ ਨਾਲ ਦਰਜ ਕੀਤੇ ਜਾਣਗੇ। ਬਸ਼ਰਤੇ ਕਿ ਟ੍ਰਿਬਿਊਨਲ ਸੰਤੁਸ਼ਟ ਹੋਵੇ ਕਿ ਬੱਚੇ ਅਤੇ ਰਿਸ਼ਤੇਦਾਰ ਜਿਨ੍ਹਾਂ ਖ਼ਿਲਾਫ਼ ਗੁਜ਼ਾਰੇ ਭੱਤੇ ਦੀ ਅਦਾਇਗੀ ਦੇ ਹੁਕਮ ਕੀਤੇ ਜਾਣ ਦਾ ਪ੍ਰਸਤਾਵ ਹੈ, ਜਾਣ ਬੁੱਝਕੇ ਟ੍ਰਿਬਿਊਨਲ ਵਿੱਚ ਹਾਜ਼ਰ ਹੋਣ ਦੀ ਅਣਗਹਿਲੀ ਕਰ ਰਿਹਾ ਹੈ, ਤਾਂ ਟ੍ਰਿਬਿਊਨਲ ਸੁਣਵਾਈ ਕਰੇ ਅਤੇ ਇਕ- ਤਰਫ਼ਾ ਕੇਸ ਦਾ ਨਿਰਣਾ ਕਰੇ।

(5) ਜੇਕਰ ਬੱਚੇ ਜਾਂ ਰਿਸ਼ਤੇਦਾਰ ਭਾਰਤ ਤੋਂ ਬਾਹਰ ਰਹਿੰਦਾ ਹੈ ਉਸ ਨੂੰ ਟ੍ਰਿਬਿਊਨਲ ਵੱਲੋਂ ਕੇਂਦਰ ਸਰਕਾਰ ਵਲੋਂ ਦਫ਼ਤਰੀ ਗਜ਼ਟ ਦੇ ਨੋਟੀਫਿਕੇਸ਼ਨ ਰਾਹੀਂ ਨਿਸ਼ਚਤ ਕੀਤੇ ਅਧਿਕਾਰੀ ਰਾਹੀਂ ਸੰਮਨ ਭੇਜੇ ਜਾਣਗੇ।

(6) ਟ੍ਰਿਬਿਊਨਲ ਭਾਗ 5 ਅਧੀਨ ਬਿਨੈ-ਪੱਤਰ ਉੱਤੇ ਸੁਣਵਾਈ ਕਰਨ ਤੋਂ ਪਹਿਲਾਂ ਇਸ ਨੂੰ ਸੁਲ੍ਹਾ-ਸਫ਼ਾਈ ਅਫਸਰ ਕੋਲ ਭੇਜੇਗਾ ਅਤੇ ਸੁਲ੍ਹਾ-ਸਫ਼ਾਈ ਅਫਸਰ ਆਪਣੀ ਰਿਪੋਰਟ ਇੱਕ ਮਹੀਨੇ ਦੇ ਅੰਦਰ ਦੇਵੇਗਾ ਅਤੇ ਜੇਕਰ ਸੁਲ੍ਹਾ-ਸਫ਼ਾਈ ਭਾਵ ਨਾਲ ਨਿਪਟਾਰਾ ਹੋ ਜਾਂਦਾ ਹੈ ਤਦ ਟ੍ਰਿਬਿਊਨਲ ਇਸ ਸੰਬੰਧ ਵਿੱਚ ਹੁਕਮ ਜਾਰੀ ਕਰ ਦੇਵੇਗਾ।

**ਵਿਆਖਿਆ-** ਇਸ ਉਪ-ਭਾਗ ਦੇ ਮਨੋਰਥਾਂ ਦੇ ਸੰਬੰਧ ਵਿੱਚ 'ਸੁਲ੍ਹਾ-ਸਫ਼ਾਈ ਅਫਸਰ ਦਾ ਅਰਥ ਕੋਈ ਵਿਅਕਤੀ ਜਾਂ ਕਿਸੇ ਸੰਸਥਾ ਦਾ ਨੁਮਾਇੰਦਾ ਜਿਵੇਂਕਿ ਭਾਗ 5 ਦੇ ਉਪ - ਭਾਗ 1 ਵਿੱਚ ਦਰਸਾਇਆ ਗਿਆ ਹੈ ਜਾਂ ਭਾਗ 18 ਦੇ ਉਪ-ਭਾਗ 1 ਅਧੀਨ ਰਾਜ ਸਰਕਾਰ ਵਲੋਂ ਨਿਯੁਕਤ ਮੇਨਟੀਨੈਂਸ ਅਫਸਰ ਜਾਂ ਇਸ ਉਦੇਸ਼ ਨਾਲ ਟ੍ਰਿਬਿਊਨਲ ਦੁਆਰਾ ਮਨੋਨੀਤ ਕੋਈ ਹੋਰ ਵਿਅਕਤੀ ਹੈ।

**7. ਮੈਨਟੀਨੈਂਸ ਟ੍ਰਿਬਿਊਨਲ ਦੀ ਬਣਤਰ:**

(1) ਇਸ ਐਕਟ ਦੇ ਪਾਸ ਹੋਣ ਦੀ ਮਿਤੀ ਤੋਂ ਛੇ ਮਹੀਨੇ ਦੇ ਅੰਦਰ ਰਾਜ ਸਰਕਾਰ ਦਫ਼ਤਰੀ ਨੋਟੀਫਿਕੇਸ਼ਨ ਰਾਹੀਂ ਹਰ ਉਪਮੰਡਲ ਲਈ ਨਿਪਟਾਰੇ ਦੇ ਮਨੋਰਥ ਨਾਲ ਅਤੇ ਭਾਗ 5 ਅਧੀਨ ਗੁਜ਼ਾਰੇ ਭੱਤੇ ਦੇ ਹੁਕਮ ਲਈ ਇੱਕ ਜਾਂ ਵਧੇਰੇ ਟ੍ਰਿਬਿਊਨਲ ਜਿਵੇਂ ਕਿ ਨੋਟੀਫਿਕੇਸ਼ਨ ਵਿੱਚ ਨਿਸ਼ਚਿਤ ਕੀਤਾ ਹੋਵੇਗਾ, ਕਰੇਗੀ।

(2) ਟ੍ਰਿਬਿਊਨਲ ਦੀ ਪ੍ਰਧਾਨਗੀ ਇੱਕ ਅਧਿਕਾਰੀ ਕਰੇਗਾ ਜਿਸ ਦਾ ਅਹੁਦਾ ਉਪਮੰਡਲ ਅਫਸਰ ਤੋਂ ਛੋਟਾ ਨਾ ਹੋਵੇ।

(3) ਜਿੱਥੇ ਕਿਸੇ ਖੇਤਰ ਲਈ ਦੋ ਜਾਂ ਵੱਧ ਟ੍ਰਿਬਿਊਨਲ ਬਣਾਏ ਜਾਂਦੇ ਹਨ, ਰਾਜ ਸਰਕਾਰ ਆਮ ਜਾਂ ਖ਼ਾਸ ਹੁਕਮ ਦੁਆਰਾ ਉਨ੍ਹਾਂ ਵਿਚਕਾਰ ਕੰਮ ਨਿਯਮਤ ਅਤੇ ਕੰਮ ਦੀ ਵੰਡ ਕਰ ਸਕਦੀ ਹੈ।

**8. ਪੜਤਾਲ ਕੀਤੇ ਜਾਣ ਦੀ ਹਾਲਤ ਵਿੱਚ ਸੰਖੇਪ ਪ੍ਰਕ੍ਰਿਆ:**

(1) ਟ੍ਰਿਬਿਊਨਲ ਭਾਗ 5 ਦੇ ਅਧੀਨ ਰਾਜ ਸਰਕਾਰ ਵਲੋਂ ਨਿਸ਼ਚਿਤ ਨਿਯਮਾਂ ਅਧੀਨ ਹੇਠ ਲਿਖੀ ਸੰਖੇਪ **ਪ੍ਰਕ੍ਰਿਆ** ਦੇ ਸਾਰ ਅਨੁਸਾਰ, ਜਿਵੇਂ ਉਸ ਨੂੰ ਯੋਗ ਜਾਪੇ, ਪੜਤਾਲ ਕਰ ਸਕਦਾ ਹੈ।

(2) ਟ੍ਰਿਬਿਊਨਲ ਕੋਲ ਸਹੁੰ ਚੁਕਾ ਕੇ ਗਵਾਹੀ ਲੈਣ ਅਤੇ ਗਵਾਹਾਂ ਦੀ ਹਾਜ਼ਰੀ ਜ਼ਰੂਰੀ ਬਣਾਉਣ ਅਤੇ ਦਸਤਾਵੇਜ਼ਾਂ ਅਤੇ ਹੋਰ ਪਦਾਰਥਕ ਵਸਤਾਂ ਨੂੰ ਪੇਸ਼ ਕਰਨ ਲਈ ਮਜਬੂਰ ਕਰਨ, ਅਤੇ ਹੋਰ ਮਨੋਰਥਾਂ ਲਈ, ਜਿਵੇਂ ਕਿ ਨਿਸ਼ਚਿਤ ਕੀਤੇ ਹੋਣ, ਦੇ ਵਾਸਤੇ ਸਿਵਲ ਕੋਰਟ ਵਾਲੇ ਅਧਿਕਾਰ ਹੋਣਗੇ ਅਤੇ ਟ੍ਰਿਬਿਊਨਲ ਨੂੰ ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰਜ, 1973 (1974 ਦੀ ਧਾਰਾ 2) ਦਾ ਅਧਿਆਇ XXVI ਅਤੇ ਭਾਗ 195 ਦੇ ਸਾਰੇ ਮਨੋਰਥਾਂ ਲਈ ਸਿਵਲ ਕੋਰਟ ਮੰਨਿਆਂ ਜਾਵੇਗਾ।

(3) ਟ੍ਰਿਬਿਊਨਲ ਗੁਜ਼ਾਰੇ ਭੱਤੇ ਦੇ ਕਿਸੇ ਦਾਅਵੇ ਬਾਰੇ ਕਾਰਵਾਈ ਕਰਨ ਤੇ ਫ਼ੈਸਲੇ ਦੇ ਮਨੋਰਥ ਨਾਲ, ਇੱਕ ਜਾਂ ਵਧੇਰੇ ਵਿਅਕਤੀਆਂ ਨੂੰ ਜਿਹੜੇ ਸੰਬੰਧਿਤ ਵਿਸ਼ੇ ਬਾਰੇ ਖ਼ਾਸ ਗਿਆਨ ਰੱਖਦੇ ਹੋਣ, ਪੜਤਾਲ ਵਿੱਚ ਸਹਾਇਤਾ ਕਰਨ ਲਈ ਚੁਣ ਸਕਦਾ ਹੈ।

**9. ਗੁਜ਼ਾਰੇ ਭੱਤੇ ਲਈ ਹੁਕਮ:**

(1) ਜੇਕਰ ਕੋਈ ਬਜ਼ੁਰਗ ਨਾਗਰਿਕ ਅਪਣਾ ਗੁਜ਼ਾਰਾ ਕਰਣ ਤੋਂ ਅਸਮਰੱਥ ਹੈ, ਉਸ ਦੇ ਬੱਚੇ ਜਾਂ ਰਿਸ਼ਤੇਦਾਰ, ਜਿਵੇਂ ਦੀ ਵੀ ਹਾਲਤ ਹੋਵੇ, ਨਾ ਸੰਭਾਲਣ ਤੇ ਅਣਗਹਿਲੀ ਵਿਖਾਉਂਣ, ਤਦ ਟ੍ਰਿਬਿਊਨਲ ਇਸ ਸੰਬੰਧੀ ਤਸੱਲੀ ਕਰਨ ਉਪਰੰਤ ਬੱਚਿਆਂ ਜਾਂ ਰਿਸ਼ਤੇਦਾਰਾਂ ਨੂੰ ਉਚਿੱਤ ਮਾਸਿਕ ਗੁਜ਼ਾਰਾ-ਭੱਤਾ ਅਜਿਹੇ ਬਜ਼ੁਰਗ ਨਾਗਰਿਕ ਦੇ ਗੁਜ਼ਾਰੇ ਲਈ ਮਹੀਨੇ ਦੇ



ਮਹੀਨੇ ਦੇਣ ਬਾਰੇ ਹੁਕਮ ਕਰ ਸਕਦਾ ਹੈ ਅਤੇ ਟ੍ਰਿਬਿਊਨਲ ਬਜ਼ੁਰਗ ਨਾਗਰਿਕ ਨੂੰ ਅਜਿਹੇ ਗੁਜ਼ਾਰੇ-ਭੱਤੇ ਦੀ ਅਦਾਇਗੀ ਕੀਤੇ ਜਾਣ ਬਾਰੇ, ਸਮੇਂ ਸਮੇਂ ਨਿਰਦੇਸ਼ ਦੇ ਸਕਦਾ ਹੈ।

(2) ਟ੍ਰਿਬਿਊਨਲ ਦੁਆਰਾ ਹੁਕਮ ਕੀਤੇ ਜਾਣ ਵਾਲਾ ਗੁਜ਼ਾਰਾ-ਭੱਤਾ ਰਾਜ ਸਰਕਾਰ ਦੁਆਰਾ ਨਿਸ਼ਚਿਤ ਕੀਤੇ ਅਨੁਸਾਰ ਹੋਵੇਗਾ ਜੋ ਕਿ ਦਸ ਹਜ਼ਾਰ ਰੁਪਏ ਮਾਸਿਕ ਤੋਂ ਵੱਧ ਨਹੀਂ ਹੋਵੇਗਾ।

**10. ਭੱਤੇ ਵਿੱਚ ਤਬਦੀਲੀ :**

(1) ਬਿਨੈ-ਪੱਤਰ ਵਿੱਚ ਤਰੁੱਟੀ ਜਾਂ ਕਿਸੇ ਤੱਥ ਦੀ ਗ਼ਲਤੀ ਕਾਰਨ ਜਾਂ ਭਾਗ 9 ਅਧੀਨ ਹੁਕਮ ਕੀਤੇ ਅਨੁਸਾਰ ਮਾਸਿਕ ਗੁਜ਼ਾਰਾ-ਭੱਤਾ ਲੈਣ ਵਾਲੇ ਵਿਅਕਤੀ ਦੀਆਂ ਹਾਲਤਾਂ ਵਿੱਚ ਕੋਈ ਤਬਦੀਲੀ ਹੋਣ ਦਾ ਸਬੂਤ ਮਿਲਣ ਉੱਤੇ ਟ੍ਰਿਬਿਊਨਲ, ਜਿਵੇਂ ਯੋਗ ਸਮਝੇ ਗੁਜ਼ਰਾ-ਭੱਤਾ ਵਿੱਚ ਤਬਦੀਲੀ ਕਰ ਸਕਦਾ ਹੈ।

(2) ਜਿੱਥੇ ਕਿਤੇ ਟ੍ਰਿਬਿਊਨਲ ਨੂੰ ਆਭਾਸ ਹੁੰਦਾ ਹੈ ਕਿ ਕਿਸੇ ਸਮਰੱਥ ਕੋਰਟ ਦੇ ਫ਼ੈਸਲੇ ਦੇ ਪਰਿਣਾਮ ਵਜੋਂ, ਭਾਗ 9 ਅਧੀਨ ਕੀਤਾ ਹੁਕਮ ਰੱਦ ਜਾਂ ਬਦਲਣਾ ਚਾਹੀਦਾ ਹੈ ਤਾਂ, ਇਸ ਅਨੁਸਾਰ ਹੁਕਮ ਰੱਦ ਕਰੇਗਾ ਜਾਂ ਬਦਲਿਆ ਜਾਵੇਗਾ।

**11. ਗੁਜ਼ਾਰਾ-ਭੱਤਾ ਦੇ ਹੁਕਮਾਂ ਦੀ ਪਾਲਣਾ:**

(1) ਕਾਰਵਾਈ ਦੇ ਖ਼ਰਚੇ ਦੇ ਸਮੇਤ ਗੁਜ਼ਾਰਾ-ਭੱਤਾ ਅਤੇ ਹੁਕਮ ਦੀ ਇੱਕ ਕਾਪੀ ਬਿਨਾ ਕਿਸੇ ਫ਼ੀਸ ਦੇ ਬਜ਼ੁਰਗ ਨਾਗਰਿਕ ਜਾਂ ਮਾਪਿਆਂ ਨੂੰ, ਜਿਵੇਂ ਦੀ ਹਾਲਤ ਹੋਵੇ, ਜਿਸ ਦੇ ਹੱਕ ਵਿੱਚ ਹੁਕਮ ਹੋਇਆ ਹੈ, ਦਿੱਤੀ ਜਾਵੇਗੀ ਅਤੇ ਅਜਿਹੇ ਹੁਕਮ ਦੀ ਪਾਲਣਾ ਹਿਤ ਕਿਸੇ ਵੀ ਥਾਂ ਦਾ ਟ੍ਰਿਬਿਊਨਲ ਜਿਸ ਵਿਅਕਤੀ ਦੇ ਖ਼ਿਲਾਫ਼ ਇਹ ਹੁਕਮ ਹੋਇਆ ਹੈ, ਉਸ ਦੀ ਪਛਾਣ ਤੋਂ ਸੰਤੁਸ਼ਟ ਹੋਣ ਪਿੱਛੋਂ, ਭੱਤਿਆਂ ਦੀ ਨਾ ਕੀਤੀ ਅਦਾਇਗੀ ਜਾਂ ਬਕਾਇਆ ਖਰਚੇ ਜਿਵੇਂ ਵੀ ਹਾਲਤ ਹੋਵੇ ਹੁਕਮ ਲਾਗੂ ਕਰਵਾ ਸਕਦਾ ਹੈ।

(2) ਇਸ ਐਕਟ ਤਹਿਤ ਗੁਜ਼ਾਰਾ-ਭੱਤਾ ਬਾਰੇ ਕੀਤਾ ਹੁਕਮ ਉਸੇ ਤਰ੍ਹਾਂ ਦੀ ਸ਼ਕਤੀ ਅਤੇ ਪ੍ਰਭਾਵ ਵਾਲਾ ਹੋਵੇਗਾ ਜਿਵੇਂ ਕਿ ਕੋਡ ਆਫ ਕ੍ਰਿਮੀਨਲ ਪਰੋਸੀਜ਼ਰ, 1973 (1974 ਦੀ ਧਾਰਾ 2) ਦੇ ਅਧਿਆਇ IX ਅਧੀਨ ਕੀਤਾ ਗਿਆ ਹੋਵੇ ਅਤੇ ਇਸ ਨੂੰ ਅਜਿਹੇ ਕੋਡ ਦੇ ਹੁਕਮ ਦੀ ਪਾਲਣਾ ਕਰਾਉਣ ਵਾਂਗ ਹੀ ਇਸ ਦੀ ਪਾਲਣਾ ਕਰਵਾਈ ਜਾਵੇਗੀ।

**12. ਖ਼ਾਸ ਕੇਸਾਂ ਵਿੱਚ ਦੇਖ-ਭਾਲ (ਗੁਜ਼ਾਰਾ) ਭੱਤੇ ਦੇ ਸੰਬੰਧ ਵਿੱਚ ਇਖ਼ਤਿਆਰ :**

ਕੋਡ ਆਫ ਕ੍ਰਿਮੀਨਲ ਪਰੋਸੀਜ਼ਰ, 1973 (1974 ਦੀ ਧਾਰਾ 2) ਦੇ ਅਧਿਆਇ IX ਵਿੱਚ ਬਜ਼ੁਰਗ ਨਾਗਰਿਕ ਜਾਂ ਮਾਪਿਆਂ ਨੂੰ ਗੁਜ਼ਾਰਾ–ਭੱਤਾ ਮਿਲਣ ਦਾ ਅਧਿਕਾਰੀ ਮੰਨਣ ਦੇ ਬਾਵਜੂਦ, ਦੱਸੇ ਕੋਡ ਦੇ ਅਧਿਆਇ IX ਦੇ ਉਪਬੰਧਾਂ ਸੰਬੰਧੀ ਕਿਸੇ ਤਰਫ਼ਦਾਰੀ ਤੋਂ ਬਿਨਾਂ, ਦੋਹਾਂ ਵਿੱਚੋਂ ਕਿਸੇ ਇੱਕ ਐਕਟ ਅਧੀਨ ਗੁਜ਼ਾਰਾ ਭੱਤਾ ਕਲੇਮ ਕੀਤਾ ਜਾ ਸਕਦਾ ਹੈ, ਐਪਰ ਦੋਹਾਂ ਅਧੀਨ ਨਹੀਂ।

**13. ਗੁਜ਼ਾਰਾ-ਭੱਤਾ ਦੀ ਰਕਮ ਜਮ੍ਹਾਂ ਕਰਾਉਣਾ:** ਜਦੋਂ ਇਸ ਅਧਿਆਇ ਤਹਿਤ ਹੁਕਮ ਹੋ ਗਿਆ ਤਦ ਬੱਚੇ ਜਾਂ ਰਿਸ਼ਤੇਦਾਰ ਜਿਸ ਨੂੰ ਅਜਿਹੇ ਹੁਕਮ ਰਾਹੀਂ ਰਕਮ ਅਦਾ ਕਰਨ ਲਈ ਕਿਹਾ ਗਿਆ ਹੈ, ਉਹ ਟ੍ਰਿਬਿਊਨਲ ਵਲੋਂ ਹੁਕਮ ਕੀਤੇ ਜਾਣ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ, ਹੁਕਮ ਅਨੁਸਾਰ ਸਾਰੀ ਰਕਮ ਅਜਿਹੇ ਢੰਗ ਨਾਲ ਜਮ੍ਹਾਂ ਕਰਾਵੇਗਾ ਜਿਵੇਂ ਕਿ ਟ੍ਰਿਬਿਊਨਲ ਨਿਰਦੇਸ਼ ਦੇਵੇਗਾ।

**14. ਦਾਅਵਾ (ਕਲੇਮ) ਮਨਜ਼ੂਰ ਹੋਣ ਤੇ ਵਿਆਜ ਦੇਣ ਲਈ ਹੁਕਮ :**

ਕੋਈ ਟ੍ਰਿਬਿਊਨਲ ਜਿੱਥੇ ਇਸ ਐਕਟ ਤਹਿਤ ਗੁਜ਼ਾਰਾ-ਭੱਤਾ ਦੇਣ ਲਈ ਹੁਕਮ ਕਰਦਾ ਹੈ, ਅਜਿਹਾ ਟ੍ਰਿਬਿਊਨਲ ਗੁਜ਼ਾਰਾ-ਭੱਤਾ ਦੀ ਰਕਮ ਤੋਂ ਇਲਾਵਾ ਸਧਾਰਨ ਵਿਆਜ ਨਿਸ਼ਚਿਤ ਦਰ ਉੱਤੇ, ਜੋਕਿ ਪੰਜ ਫੀਸਦੀ ਤੋਂ ਘੱਟ ਅਤੇ ਅਠਾਰਾਂ ਫੀਸਦੀ ਤੋਂ ਵੱਧ ਨਹੀਂ ਹੋਵੇਗੀ, ਨਿਸ਼ਚਿਤ ਮਿਤੀ ਤੋਂ ਜੋ ਕਿ ਬਿਨੈ-ਪੱਤਰ ਦੇਣ ਤੋਂ ਪਹਿਲਾਂ ਦੀ ਨਹੀਂ ਹੋਵੇਗੀ, ਦੇਣ ਦਾ ਵੀ ਨਿਰਦੇਸ਼ ਦੇ ਸਕਦਾ ਹੈ।

ਬਸ਼ਰਤੇ ਜਿੱਥੇ ਗੁਜ਼ਾਰਾ-ਭੱਤਾ ਲਈ ਕੋਈ ਬਿਨੈ-ਪੱਤਰ ਇਸ ਐਕਟ ਦੇ ਲਾਗੂ ਹੋਣ ਸਮੇਂ ਕੋਡ ਆਫ ਕ੍ਰਿਮੀਨਲ ਪਰੋਸੀਜ਼ਰ, 1973 (1974 ਦੀ ਧਾਰਾ 2) ਦੇ ਅਧਿਆਇ IX ਅਧੀਨ ਕਿਸੇ ਕੋਰਟ ਵਿੱਚ ਵਿਚਾਰ ਅਧੀਨ ਪਿਆ ਹੈ, ਤਦ ਮਾਪੇ ਦੀ ਬੇਨਤੀ ਕਰਨ ਉੱਤੇ ਕੋਰਟ ਉਸ ਬਿਨੈ-ਪੱਤਰ ਨੂੰ ਵਾਪਸ ਲੈਣ ਦੀ ਆਗਿਆ ਦੇ ਦੇਵੇਗੀ ਅਤੇ ਅਜਿਹੇ ਮਾਪੇ ਟ੍ਰਿਬਿਊਨਲ ਅੱਗੇ ਗੁਜ਼ਾਰਾ-ਭੱਤਾ ਲੈਣ ਲਈ ਬਿਨੈ-ਪੱਤਰ ਦੇਣ ਦੇ ਹੱਕਦਾਰ ਹੋਣਗੇ।

**15. ਅਪੀਲ ਕੀਤੇ ਜਾਣ ਲਈ ਟ੍ਰਿਬਿਊਨਲ ਦੀ ਬਣਤਰ:**

(1) ਰਾਜ ਸਰਕਾਰ ਦਫ਼ਤਰੀ ਗਜ਼ਟ ਵਿੱਚ ਨੋਟੀਫਿਕੇਸ਼ਨ ਕਰਕੇ ਹਰ ਜ਼ਿਲ੍ਹੇ ਵਿੱਚ ਟ੍ਰਿਬਿਊਨਲ ਦੇ ਹੁਕਮ ਵਿਰੁੱਧ ਅਪੀਲ ਕੀਤੇ ਜਾਣ ਲਈ ਇੱਕ ਐਪੀਲੇਟ ਟ੍ਰਿਬਿਊਨਲ ਬਣਾ ਸਕਦੀ ਹੈ।

(2) ਅਪੀਲ ਕੀਤੇ ਜਾਣ ਲਈ ਇਸ ਟ੍ਰਿਬਿਊਨਲ ਦੀ ਪ੍ਰਧਾਨਗੀ ਅਜਿਹਾ ਅਫ਼ਸਰ ਕਰੇਗਾ ਜਿਸ ਦਾ ਅਹੁਦਾ ਜ਼ਿਲ੍ਹਾ ਮੈਜਿਸਟ੍ਰੇਟ ਤੋਂ ਘੱਟ ਨਾ ਹੋਵੇ ।

**16. ਅਪੀਲਾਂ :**

(1) ਕੋਈ ਵੀ ਬਜ਼ੁਰਗ ਨਾਗਰਿਕ ਜਾਂ ਮਾਪੇ, ਜਿਵੇਂ ਦੀ ਵੀ ਹਾਲਤ ਹੋਵੇ, ਟ੍ਰਿਬਿਊਨਲ ਦੇ ਹੁਕਮ ਤੋਂ ਅਸੰਤੁਸ਼ਟ, ਹੁਕਮ ਦੀ ਮਿਤੀ ਤੋਂ ਸੱਠ ਦਿਨਾਂ ਦੇ ਅੰਦਰ ਐਪੀਲੇਟ ਟ੍ਰਿਬਿਊਨਲ ਅੱਗੇ ਅਪੀਲ ਕਰ ਸਕਦਾ ਹੈ:

ਬਸ਼ਰਤੇ ਕਿ ਅਪੀਲ ਕਰਨ ਉੱਤੇ ਬੱਚੇ ਜਾਂ ਰਿਸ਼ਤੇਦਾਰ ਜਿਸ ਨੇ ਵੀ ਗੁਜ਼ਾਰਾ-ਭੱਤਾ ਦੇ ਹੁਕਮ ਅਨੁਸਾਰ ਰਕਮ ਅਦਾ ਕਰਨੀ ਹੈ, ਉਹ ਹੁਕਮ ਅਨੁਸਾਰ ਅਜਿਹੇ ਮਾਪਿਆਂ ਨੂੰ ਅਦਾਇਗੀ ਜਾਰੀ ਰੱਖੇਗਾ, ਜਿਵੇਂ ਕਿ ਐਪੀਲੇਟ ਟ੍ਰਿਬਿਊਨਲ ਨੇ ਨਿਰਦੇਸ਼ ਦਿੱਤਾ ਹੋਵੇ:

ਇਸ ਤੋਂ ਇਲਾਵਾ ਐਪੀਲੇਟ ਟ੍ਰਿਬਿਊਨਲ ਜੇਕਰ ਸੰਤੁਸ਼ਟ ਹੋਵੇ ਕਿ ਅਪੀਲਕਰਤਾ ਉਚਿਤ ਕਾਰਨਾ ਕਰਕੇ ਸਮੇਂ ਸਿਰ ਅਪੀਲ ਨਹੀਂ ਕਰ ਸਕਿਆ ਤਾਂ ਸੱਠ ਦਿਨਾਂ ਤੋਂ ਬਾਅਦ ਵੀ ਅਪੀਲ ਲੈ ਸਕਦਾ ਹੈ।

(2) ਅਪੀਲ ਕੀਤੇ ਜਾਣ ਤੇ ਐਪੀਲੇਟ ਟ੍ਰਿਬਿਊਨਲ ਉੱਤਰਦਾਤਾ ਨੂੰ ਨੋਟਿਸ ਭਿਜਵਾਵੇਗਾ।

(3) ਅਪੀਲ ਕੀਤੇ ਜਾਣ ਵਾਲਾ ਟ੍ਰਿਬਿਊਨਲ ਕਾਰਵਾਈ ਦਾ ਰਿਕਾਰਡ ਉਸ ਟ੍ਰਿਬਿਊਨਲ ਤੋਂ ਮੰਗਵਾ ਸਕਦਾ ਹੈ, ਜਿਸ ਦੇ ਹੁਕਮ ਦੇ ਵਿਰੁੱਧ ਅਪੀਲ ਦਾਖ਼ਲ ਕੀਤੀ ਗਈ ਹੈ।

(4) ਐਪੀਲੇਟ ਟ੍ਰਿਬਿਊਨਲ ਅਪੀਲ ਅਤੇ ਮੰਗਵਾਏ ਰਿਕਾਰਡ ਦੀ ਪੜਤਾਲ ਕਰਨ ਪਿੱਛੋਂ ਅਪੀਲ ਨੂੰ ਪਰਵਾਨ ਜਾਂ ਰੱਦ ਕਰ ਸਕਦਾ ਹੈ।

(5) ਐਪੀਲੇਟ ਟ੍ਰਿਬਿਊਨਲ ਉਸ ਟ੍ਰਿਬਿਊਨਲ ਦੇ ਹੁਕਮ ਵਿਰੁੱਧ ਕੀਤੀ ਅਪੀਲ ਉੱਤੇ ਸੁਣਵਾਈ ਕਰਕੇ ਫ਼ੈਸਲਾ ਲਵੇਗਾ ਅਤੇ ਐਪੀਲੇਟ ਟ੍ਰਿਬਿਊਨਲ ਦਾ ਫ਼ੈਸਲਾ ਅੰਤਿਮ ਹੋਵੇਗਾ।

ਬਸ਼ਰਤੇ ਕਿ ਕੋਈ ਅਪੀਲ ਰੱਦ ਨਹੀਂ ਹੋਵੇਗੀ ਜਦੋਂ ਤੀਕ ਦੋਵੇਂ ਧਿਰਾਂ ਦੀ ਨਿਜੀ ਤੌਰ ਤੇ ਜਾਂ ਅਧਿਕਾਰਿਤ ਨੁਮਾਇੰਦੇ ਰਾਹੀਂ ਸੁਣਵਾਈ ਨਾ ਕੀਤੀ ਜਾਵੇ।



(6) ਐਪੀਲੇਟ ਟ੍ਰਿਬਿਊਨਲ ਜਤਨ ਕਰੇਗਾ ਕਿ ਅਪੀਲ ਹੋਣ ਤੇ ਮਹੀਨੇ ਦੇ ਅੰਦਰ ਲਿਖਤੀ ਫ਼ੈਸਲਾ ਸੁਣਾ ਦਿੱਤਾ ਜਾਵੇ।

(7) ਉਪ-ਭਾਗ 5 ਦੇ ਅਧੀਨ ਹਰ ਹੁਕਮ ਦੀ ਕਾਪੀ ਦੋਵਾਂ ਧਿਰਾਂ ਨੂੰ ਮੁਫ਼ਤ ਮੁਹਈਆ ਕੀਤੀ ਜਾਵੇਗੀ।

**17. ਕਾਨੂੰਨੀ ਪ੍ਰਤਿਨਿਧਤਾ ਦਾ ਅਧਿਕਾਰ:** ਕਾਨੂੰਨ ਵਿੱਚ ਕੁਝ ਵੀ ਦਿੱਤੇ ਹੋਣ ਦੇ ਬਾਵਜੂਦ ਅਪੀਲ ਕੀਤੇ ਜਾਣ ਵਾਲੇ ਟ੍ਰਿਬਿਊਨਲ ਦੀ ਕਾਰਵਾਈ ਵਿੱਚ ਕੋਈ ਵੀ ਧਿਰ ਆਪਣੀ ਪ੍ਰਤਿਨਿਧਤਾ ਕਾਨੂੰਨੀ ਪੇਸ਼ੇਵਰ ਰਾਹੀਂ ਨਹੀਂ ਕਰ ਸਕੇਗਾ।

**18. ਗੁਜ਼ਾਰਾ-ਭੱਤਾ ਅਫ਼ਸਰ:**

(1) ਰਾਜ ਸਰਕਾਰ ਜ਼ਿਲ੍ਹਾ ਸਮਾਜਿਕ ਭਲਾਈ ਅਫ਼ਸਰ ਜਾਂ ਕੋਈ ਅਫ਼ਸਰ ਜਿਸ ਦਾ ਅਹੁਦਾ ਜ਼ਿਲ੍ਹਾ ਸਮਾਜਿਕ ਭਲਾਈ ਅਫ਼ਸਰ ਤੋਂ ਘੱਟ ਨਾ ਹੋਵੇ, ਨੂੰ ਕਿਸੇ ਨਾਂ ਨਾਲ ਵੀ ਗੁਜ਼ਾਰਾ-ਭੱਤਾ ਅਫਸਰ ਮਨੋਨੀਤ ਕਰੇਗੀ।

(2) ਉਪਭਾਗ (1) ਵਿੱਚ ਦਰਸਾਇਆ ਗੁਜ਼ਾਰਾ-ਭੱਤਾ ਅਫਸਰ ਟ੍ਰਿਬਊਨਲ ਜਾਂ ਐਪੀਲੇਟ ਟ੍ਰਿਬਿਊਨਲ, ਜਿਵੇਂ ਦੀ ਵੀ ਹਾਲਤ ਹੋਵੇ, ਦੀਆਂ ਕਾਰਵਾਈਆਂ ਦੌਰਾਨ ਮਾਪਿਆਂ ਦੇ ਚਾਹੁਣ ਤੇ ਉਨ੍ਹਾਂ ਦੀ ਪ੍ਰਤਿਨਿਧਤਾ ਕਰੇਗਾ।

## ਅਧਿਆਇ III

### ਬਿਰਧ ਆਸ਼ਰਮਾਂ ਦੀ ਸਥਾਪਨਾ

**19. ਬਿਰਧ ਆਸ਼ਰਮਾਂ ਦੀ ਸਥਾਪਨਾ:**

(1) ਰਾਜ ਸਰਕਾਰ ਪਹੁੰਚਯੋਗ ਥਾਵਾਂ ਦੇ ਉੱਤੇ ਪੜਾ ਵਾਰ ਇੰਨੇ ਬਿਰਧ ਆਸ਼ਰਮ ਜਿੰਨੇ ਜ਼ਰੂਰੀ ਸਮਝੇ ਜਾਣ, ਸਥਾਪਿਤ ਕਰੇਗੀ ਤੇ ਸ਼ੁਰੂ ਵਿੱਚ ਹਰ ਜ਼ਿਲ੍ਹੇ ਵਿੱਚ ਇੱਕ ਬਿਰਧ ਆਸ਼ਰਮ ਜਿਸ ਵਿੱਚ ਘੱਟੋ ਘੱਟ ਇੱਕ ਸੌ ਪੰਜਾਹ ਮੁਥਾਜ ਬਜ਼ੁਰਗ ਨਾਗਰਿਕ ਵਾਸ ਕਰ ਸਕਣ।

(2) ਰਾਜ ਸਰਕਾਰ ਬਿਰਧ ਆਸ਼ਰਮਾਂ ਦੇ ਪ੍ਰਬੰਧ ਲਈ ਯੋਜਨਾ ਨਿਸ਼ਚਿਤ ਕਰ ਸਕਦੀ ਹੈ ਜਿਸ ਵਿੱਚ ਉੱਥੇ ਰਹਿਣ ਵਾਲੇ ਬਜ਼ੁਰਗ ਨਾਗਰਿਕਾਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਸੇਵਾਵਾਂ ਜਿਹੜੀਆਂ, ਲੋੜੀਂਦੀ ਚਕਿਤਸਿਕ ਦੇਖ-ਭਾਲ ਅਤੇ ਮਨੋਰੰਜਨ ਦੇ ਸਾਧਨ ਸ਼ਾਮਲ ਹਨ, ਦੇ ਮਿਆਰ ਸਥਾਪਿਤ ਕੀਤੇ ਜਾਣ।

ਵਿਆਖਿਆ-ਇਸ ਭਾਗ ਵਿੱਚ 'ਮੁਥਾਜ' ਦਾ ਅਰਥ ਉਹ ਬਜ਼ੁਰਗ ਨਾਗਰਿਕ ਹੈ ਜਿਸ ਕੋਲ ਆਪਣੇ ਗੁਜ਼ਾਰੇ ਦੇ ਸਾਧਨ, ਜਿਵੇਂ ਕਿ ਰਾਜ ਸਰਕਾਰ ਦੁਆਰਾ ਸਮੇਂ ਸਮੇਂ ਨਿਸ਼ਚਿਤ ਕੀਤੇ ਜਾਣ, ਨਾ ਹੋਣ।

## ਅਧਿਆਇ IV

### ਬਜ਼ੁਰਗ ਨਾਗਰਿਕਾਂ ਲਈ ਚਕਿਤਸਿਕ ਦੇਖ-ਭਾਲ ਲਈ ਵਿਵਸਥਾ

**20. ਬਜ਼ੁਰਗ ਨਾਗਰਿਕਾਂ ਨੂੰ ਚਕਿਤਸਿਕ ਸਹਾਇਤਾ :** ਰਾਜ ਸਰਕਾਰ ਯਕੀਨੀ ਬਣਾਵੇਗੀ ਕਿ:

(i) ਸਰਕਾਰੀ ਹਸਪਤਾਲ ਜਾਂ ਸਰਕਾਰ ਵਲੋਂ ਪੂਰੇ ਜਾਂ ਅੰਸ਼ਿਕ ਇਮਦਾਦ/ਮਦਦ ਨਾਲ

ਚਲਾਏ ਜਾਂਦੇ ਹਸਪਤਾਲ ਵਿਚ ਸਾਰੇ ਬਜ਼ੁਰਗ ਨਾਗਰਿਕਾਂ ਨੂੰ ਸੰਭਵ ਹੱਦ ਤੀਕ ਬਿਸਤਰੇ (ਬੈੱਡ) ਮੁਹੱਈਆ ਹੋਣ;

(ii) ਬਜ਼ੁਰਗ ਨਾਗਰਿਕਾਂ ਲਈ ਵੱਖਰੀਆਂ ਲਾਈਨਾਂ ਬਣਾਉਣ ਦੀ ਸਹੂਲਤ ਹੋਵੇਗੀ;

(iii) ਬਜ਼ੁਰਗ ਨਾਗਰਿਕਾਂ ਲਈ ਲੰਮੇਂ ਸਮੇਂ ਵਾਲੇ, ਜਾਨ-ਲੇਵਾ ਅਤੇ ਪਤਨ ਰੋਗਾਂ ਦੇ ਇਲਾਜ਼ ਦੀਆਂ ਸਹੂਲਤਾਂ ਦਿੱਤੀਆਂ ਜਾਣ;

(iv) ਬਜ਼ੁਰਗ ਨਾਗਰਿਕਾਂ ਦੇ ਲੰਮੇਂ ਸਮੇਂ ਵਾਲੇ ਰੋਗਾਂ ਸੰਬੰਧੀ ਖੋਜ ਕਾਰਜ ਵਧਾ ਦਿੱਤੇ ਜਾਣ;

(v) ਬੁਢਾਪੇ ਦੇ ਰੋਗਾਂ ਨਾਲ ਪੀੜਤ ਬਜ਼ੁਰਗ ਨਾਗਰਿਕਾਂ ਲਈ ਹਰ ਜ਼ਿਲ੍ਹਾ ਹਸਪਤਾਲ ਵਿੱਚ ਵਿਸ਼ੇਸ਼ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੋਵੇ, ਜਿਸ ਦਾ ਮੁਖੀ ਬਾਕਾਇਦਾ ਬੁਢਾਪੇ ਦੇ ਰੋਗਾਂ ਦਾ ਮਾਹਿਰ ਮੈਡੀਕਲ ਅਫਸਰ ਹੋਵੇ,

## ਅਧਿਆਇ V

## ਬਜ਼ੁਰਗ ਨਾਗਰਿਕਾਂ ਦੀ ਜਾਨ ਅਤੇ ਜਾਇਦਾਦ ਦੀ ਰਾਖੀ

21. **ਬਜ਼ੁਰਗ ਨਾਗਰਿਕਾਂ ਦੀ ਭਲਾਈ ਲਈ ਜਾਗਰੁਕਤਾ ਪੈਦਾ ਕਰਨ ਲਈ ਪ੍ਰਚਾਰ ਕਰਨ ਜਿਹੇ ਕਦਮ ਚੁੱਕਣੇ:**

ਸਰਕਾਰ ਇਹ ਯਕੀਨੀ ਬਣਾਉਣ ਲਈ ਸਾਰੇ ਕਦਮ ਚੁੱਕੇਗੀ ਤਾਂ ਕਿ-

(i) ਇਸ ਐਕਟ ਵਿੱਚ ਦਿੱਤੀਆਂ ਵਿਵਸਥਾਵਾਂ ਬਾਰੇ ਪਬਲਿਕ ਮੀਡੀਆ ਜਿਵੇਂ ਕਿ ਟੈਲੀਵਿਜ਼ਨ, ਰੇਡਿਓ ਅਤੇ ਅਖ਼ਬਾਰਾਂ ਰਾਹੀਂ ਨਿਯਮਤ ਵਕਫ਼ਿਆਂ ਪਿੱਛੋਂ ਪ੍ਰਚਾਰ ਕਰੇਗੀ;

(ii) ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਦੇ ਅਫ਼ਸਰ, ਸਮੇਤ ਪੁਲਿਸ ਅਫ਼ਸਰਾਂ ਅਤੇ ਅਦਾਲਤੀ ਸੇਵਾ ਦੇ ਮੈਂਬਰਾਂ ਨੂੰ ਇਸ ਐਕਟ ਨਾਲ ਸੰਬੰਧਿਤ ਮਸਲਿਆਂ ਬਾਰੇ ਜਾਗਰੁਕਤਾ ਅਤੇ ਸੰਵੇਦਨਸ਼ੀਲਤਾ ਪੈਦਾ ਕਰਨ ਲਈ ਸਿਖਲਾਈ ਦੇਵੇਗੀ;

(iii) ਬਜ਼ੁਰਗ ਨਾਗਰਿਕਾਂ ਦੀ ਭਲਾਈ ਨਾਲ ਜੁੜੇ ਮਸਲਿਆਂ ਨੂੰ ਹੱਲ ਕਰਨ ਲਈ ਸੰਬੰਧਿਤ ਮੰਤਰਾਲਿਆਂ ਜਾਂ ਕਾਨੂੰਨ, ਗ੍ਰਹਿ-ਮਾਮਲਿਆਂ, ਸਿਹਤ ਅਤੇ ਭਲਾਈ ਦੇ ਮਹਿਕਮਿਆਂ ਵਿਚਕਾਰ ਪ੍ਰਭਾਵਸ਼ਾਲੀ ਤਾਲ-ਮੇਲ ਹੋਵੇ ਅਤੇ ਸਮੇਂ ਸਮੇਂ ਇਸ ਦਾ ਪੁਨਰਵਿਚਾਰ ਕੀਤਾ ਜਾਵੇ।

22.ਿ **ਇਸ ਐਕਟ ਦੀਆਂ ਵਿਵਸਥਾਵਾਂ ਨੂੰ ਲਾਗੂ ਕਰਨ ਲਈ ਜਿਹੜੇ ਅਧਿਕਾਰੀ ਨਿਸ਼ਚਿਤ ਕੀਤੇ ਜਾ ਸਕਦੇ ਹਨ:**

(i) ਰਾਜ ਸਰਕਾਰ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਲੋੜ ਅਨੁਸਾਰ ਅਜਿਹੇ ਅਧਿਕਾਰ ਦੇ ਸਕਦੀ ਹੈ ਅਤੇ ਡਿਊਟੀਆਂ ਲਾ ਸਕਦੀ ਹੈ ਤਾਂ ਜੋ ਇਸ ਐਕਟ ਦੀਆਂ ਵਿਵਸਥਾਵਾਂ ਨੂੰ ਅਮਲ ਵਿੱਚ ਲਿਆਂਦਾ ਜਾ ਸਕੇ, ਅਤੇ ਜ਼ਿਲ੍ਹਾ ਮੈਜਿਸਟ੍ਰੇਟ ਆਪਣੇ ਅਧੀਨ ਅਫਸਰ ਨੂੰ ਚੁਣੇਗਾ ਜਿਹੜਾ ਸਥਾਨਕ ਸੀਮਾਵਾਂ ਵਿੱਚ ਰਹਿੰਦਿਆਂ ਇਨ੍ਹਾਂ ਵਿੱਚੋਂ ਕੋਈ ਜਾਂ ਸਾਰੇ ਅਧਿਕਾਰ ਵਰਤਦਿਆਂ ਕੋਈ ਜਾਂ ਸਾਰੀਆਂ ਡਊਟੀਆਂ, ਜਿਵੇਂ ਕਿ ਨਯਤ ਹੋਣਗੀਆਂ, ਨਿਪਟਾਏਗਾ।



(ii) ਰਾਜ ਸਰਕਾਰ ਬਜ਼ੁਰਗ ਨਾਗਰਿਕਾਂ ਦੀ ਜਾਨ ਅਤੇ ਜਾਇਦਾਦ ਦੀ ਰਾਖੀ ਲਈ ਵਿਆਪਕ ਕਾਰਜ ਯੋਜਨਾ ਨਿਸ਼ਚਿਤ ਕਰੇਗੀ।

23. **ਖ਼ਾਸ ਹਾਲਤਾਂ ਵਿੱਚ ਜਾਇਦਾਦ ਦੀ ਤਬਦੀਲੀ ਦਾ ਮਨਸੂਖ/ਰੱਦ ਹੋਣਾ:**

(1) ਜਿੱਥੇ ਕਿਤੇ ਕੋਈ ਬਜ਼ੁਰਗ ਨਾਗਰਿਕ, ਇਸ ਐਕਟ ਦੇ ਲਾਗੂ ਹੋਣ ਪਿੱਛੋਂ, ਆਪਣੀ ਜਾਇਦਾਦ ਨੂੰ ਸੁਗਾਤ ਵਜੋਂ ਹੋਰ ਕਿਸੇ ਢੰਗ ਨਾਲ, ਇਸ ਭਰੋਸੇ ਨਾਲ ਕਿਸੇ ਦੇ ਨਾਂ ਲੁਆ ਦਿੰਦਾ ਹੈ ਕਿ ਜਾਇਦਾਦ ਲੈਣ ਵਾਲਾ ਉਸ ਬਜ਼ੁਰਗ ਨਾਗਰਿਕ ਦੀਆਂ ਬੁਨਿਆਦੀ ਸੁਵਿਧਾਵਾਂ ਅਤੇ ਮੁਢਲੀਆਂ ਸਰੀਰਕ ਲੋੜਾਂ ਪੂਰੀਆਂ ਕਰੇਗਾ ਅਤੇ ਫਿਰ ਉਹ ਅਜਿਹਾ ਕਰਨ ਤੋਂ ਇਨਕਾਰ ਕਰ ਦਿੰਦਾ ਹੈ ਅਤੇ ਅਜਿਹੀਆਂ ਸਹੂਲਤਾਂ ਅਤੇ ਸਰੀਰਿਕ ਲੋੜਾਂ ਪੂਰੀਆਂ ਨਹੀਂ ਕਰਦਾ, ਤਦ ਟ੍ਰਿਬਿਊਨਲ ਅਜਿਹੀ ਜਾਇਦਾਦ ਦੇ ਨਾਂ ਲੁਆਏ ਜਾਣ ਨੂੰ ਧੋਖੇ, ਦਬਾਉ, ਬੇਵਜ੍ਹਾ ਪ੍ਰਭਾਵ ਪਾਕੇ ਕੀਤੀ ਗਈ ਕਾਰਵਾਈ ਸਮਝ ਕੇ, ਬਜ਼ੁਰਗ ਨਾਗਰਿਕ ਦੇ ਚਾਹੁਣ ਤੇ ਮਨਸੂਖ/ਰੱਦ ਕਰ ਸਕਦਾ ਹੈ।

(2) ਜਿੱਥੇ ਕਿਸੇ ਬਜ਼ੁਰਗ ਨਾਗਰਿਕ ਨੂੰ ਆਪਣੀ ਮਿਲਖ ਵਿੱਚੋਂ ਆਪਣਾ ਗੁਜ਼ਾਰਾ ਲੈਣ ਦਾ ਹੱਕ ਹੈ ਅਤੇ ਉਹ ਮਿਲਖ ਜਾਂ ਉਸ ਦਾ ਕੋਈ ਭਾਗ ਕਿਸੇ ਦੇ ਨਾਂ ਲੁਆ ਦਿੱਤਾ ਜਾਂਦਾ ਹੈ ਤਦ ਉਸ ਦਾ ਇਹ ਹੱਕ ਦਿੱਤਾ ਜਾਣਾ ਜਿਸ ਦੇ ਨਾਂ ਮਿਲਖ ਲੱਗੀ ਹੈ, ਉਸ ਉੱਤੇ ਲਾਗੂ ਹੋਵੇਗਾ, ਜੇਕਰ ਮਿਲਖ ਹਾਸਲ ਕਰਨ ਵਾਲੇ ਨੂੰ ਹੱਕ ਦਿੱਤੇ ਜਾਣ ਦਾ ਪਤਾ ਹੈ, ਜਾਂ ਜੇ ਜਾਇਦਾਦ ਦੀ ਤਬਦੀਲੀ ਮੁਫ਼ਤ ਹੋਈ ਹੈ, ਪਰ ਇਹ ਉਸ ਤਬਦੀਲ ਕਰਤਾ ਦੇ ਵਿਰੁਧ ਨਹੀਂ, ਜਿਸ ਨੇ ਇਵਜ਼ਾਨਾ ਦਿੱਤਾ ਹੈ, ਤੇ ਇਸ ਹੱਕ ਦਾ ਪਤਾ ਨਹੀ ਹੈ।

ਜੇਕਰ ਕੋਈ ਬਜ਼ੁਰਗ ਨਾਗਰਿਕ ਉਪ-ਭਾਗ (1) ਅਤੇ (2) ਅਧੀਨ ਮਿਲੇ ਹੱਕ ਲਾਗੂ ਕਰਵਾਉਣ ਤੋਂ ਅਸਮਰਥ ਰਹਿੰਦਾ ਹੈ ਤਦ ਭਾਗ 5 ਦੇ ਉਪ-ਭਾਗ(1) ਦੀ ਵਿਆਖਿਆ ਵਿੱਚ ਦੱਸੇ ਗਏ ਅਨੁਸਾਰ ਕੋਈ ਸੰਸਥਾ ਉਸ ਵੱਲੋਂ ਕਾਰਵਾਈ ਕਰ ਸਕਦੀ ਹੈ।

## ਅਧਿਆਇ VI

## ਅਪਰਾਧ ਅਤੇ ਉਨ੍ਹਾਂ ਲਈ ਮੁਕੱਦਮੇ ਲਈ ਪ੍ਰਣਾਲੀ

24. **ਬਜ਼ੁਰਗ ਨਾਗਰਿਕਾਂ ਨੂੰ ਉਨ੍ਹਾਂ ਦੇ ਹਾਲ ਤੇ ਬੇਸਹਾਰਾ ਛੱਡ ਦੇਣਾ:** ਜੋ ਕੋਈ ਵੀ ਬਜ਼ੁਰਗ ਨਾਗਰਿਕ ਦੀ ਦੇਖ-ਭਾਲ ਅਤੇ ਸੁਰੱਖਿਆ ਲਈ ਜ਼ਿਮੇਵਾਰ ਵਿਅਕਤੀ ਉਸ ਬਜ਼ੁਰਗ ਨਾਗਰਿਕ ਨੂੰ ਕਿਸੇ ਥਾਂ ਉਸ ਨੂੰ ਤੱਜਣ ਦੀ ਨੀਅਤ ਨਾਲ ਛੱਡ ਆਉਂਦਾ ਹੈ, ਇੰਜ ਛੱਡਣ ਵਾਲੇ ਨੂੰ ਤਿੰਨ ਮਹੀਨੇ ਤੱਕ ਕੈਦ ਦੀ ਸਜ਼ਾ ਜਾਂ ਪੰਜ ਹਜ਼ਾਰ ਤੱਕ ਜੁਰਮਾਨਾ, ਜਾਂ ਦੋਵੇਂ ਹੀ ਹੋ ਸਕਦੇ ਹਨ।

25.ਅ **ਪਰਾਧਾਂ ਲਈ ਕਾਨੂੰਨੀ ਕਾਰਵਾਈ:**

(1) ਕੋਡ ਆਫ ਕ੍ਰਿਮੀਨਲ ਪਰੋਸੀਜ਼ਰ, 1973, (1974 ਦੀ ਧਾਰਾ 2) ਵਿੱਚ ਜੋ ਕੁਝ ਵੀ ਦਰਜ ਹੈ ਦੇ ਬਾਵਜੂਦ ਇਸ ਐਕਟ ਅਧੀਨ ਹਰ ਅਪਰਾਧ ਲਈ ਕਾਨੂੰਨੀ ਕਾਰਵਾਈ ਹੋ ਸਕਦੀ ਹੈ ਤੇ ਉਸ ਲਈ ਜ਼ਮਾਨਤ ਹੋ ਸਕਦੀ ਹੈ।

(2) ਇਸ ਐਕਟ ਅਧੀਨ ਕਿਸੇ ਅਪਰਾਧ ਲਈ ਮੈਜਿਸਟ੍ਰੇਟ ਸੰਖੇਪਿਕ ਕਾਰਵਾਈ ਕਰ ਸਕਦਾ ਹੈ।

# ਅਧਿਆਇ VII

## ਫੁੱਟਕਲ

26.ਅ .ਫ਼ਸਰ ਬਤੌਰ ਪਬਲਿਕ ਸੇਵਕ: ਇਸ ਐਕਟ ਅਧੀਨ ਕਾਰਜ ਕਰਨ ਵਾਲਾ ਹਰ ਅਫ਼ਸਰ ਜਾਂ ਨਿਯੁਕਤ ਸਟਾਫ਼ ਇੰਡੀਅਨ ਪੀਨਲ ਕੋਡ ਦੇ ਭਾਗ 21 (1860 ਦੀ ਧਾਰਾ 45) ਅਨੁਸਾਰ ਪਬਲਿਕ ਦਾ ਸੇਵਕ ਮੰਨਿਆਂ ਜਾਵੇਗਾ।

27. **ਸਿਵਲ ਕੋਰਟਾਂ ਦੇ ਅਧਿਕਾਰ ਖੇਤਰ ਦੀ ਹੱਦਬੰਦੀ:** ਇਸ ਐਕਟ ਅਧੀਨ ਜਿੱਥੇ ਕੋਈ ਵਿਵਸਥਾ ਅਮਲ ਵਿੱਚ ਲਿਆਂਦੀ ਜਾਂਦੀ ਹੈ, ਦੇ ਮਾਮਲੇ ਵਿੱਚ ਕਿਸੇ ਸਿਵਲ ਕੋਰਟ ਦਾ ਅਧਿਕਾਰ ਖੇਤਰ ਨਹੀਂ ਮੰਨਿਆਂ ਜਾਵੇਗਾ ਅਤੇ ਇਸ ਐਕਟ ਅਧੀਨ ਕੁਝ ਵੀ ਕੀਤੇ ਹੋਣ ਜਾਂ ਕਰਨ ਦੇ ਮਨਸ਼ੇ ਸੰਬੰਧੀ ਮਨਾਹੀ ਦਾ ਕੋਈ ਵੀ ਅਦਾਲਤੀ ਹੁਕਮ ਨਹੀਂ ਕਰ ਸਕੇਗੀ।

28. **ਨੇਕ-ਨੀਅਤ ਨਾਲ ਕੀਤੇ ਕਾਰਜ ਦਾ ਬਚਾਉ** : ਕੇਂਦਰ ਸਰਕਾਰ, ਰਾਜ ਸਰਕਾਰਾਂ ਜਾਂ ਸਥਾਨਿਕ ਅਧਿਕਾਰੀ ਵੱਲੋਂ ਇਸ ਐਕਟ ਜਾਂ ਇਸ ਅਧੀਨ ਬਣਾਏ ਕਿਸੇ ਨਿਯਮ ਜਾਂ ਆਦੇਸ਼ ਦੀ ਪੈਰਵੀ ਕਰਦਿਆਂ ਜਾਂ ਅਜਿਹਾ ਕਰਨ ਦੀ ਮਨਸ਼ਾ ਰੱਖਦਿਆਂ ਨੇਕ-ਨੀਅਤੀ ਨਾਲ ਜੋ ਕੁਝ ਵੀ ਕੀਤਾ ਜਾਂਦਾ ਹੈ ਉਸ ਦੇ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਜਾਂ ਮੁਕੱਦਮਾ ਨਹੀਂ ਕੀਤਾ ਜਾ ਸਕਦਾ।

29. **ਔਕੜਾਂ ਨੂੰ ਦੂਰ ਕਰਨ ਲਈ ਅਧਿਕਾਰ** : ਇਸ ਐਕਟ ਦੀਆਂ ਵਿਵਸਥਾਵਾਂ ਨੂੰ ਅਮਲ ਵਿੱਚ ਲਿਆਉਂਦਿਆਂ ਜੇ ਕੋਈ ਔਕੜ ਪੈਦਾ ਹੁੰਦੀ ਹੈ, ਤਦ ਅਜਿਹੀ ਔਕੜ ਨੂੰ ਦੂਰ ਕਰਨ ਲਈ, ਜ਼ਰੂਰਤ ਅਨੁਸਾਰ ਰਾਜ ਸਰਕਾਰ ਦਫ਼ਤਰੀ ਗਜ਼ਟ ਵਿੱਚ ਹੁਕਮ ਪ੍ਰਕਾਸ਼ਿਤ ਕਰਕੇ ਵਿਵਸਥਾ, ਜਿਹੜੀ ਇਸ ਐਕਟ ਦੀਆਂ ਵਿਵਸਥਾਵਾਂ ਨਾਲ ਬੇਮੇਲ ਨਾ ਹੋਵੇ, ਕਰ ਸਕਦੀ ਹੈ।

ਬਸ਼ਰਤੇ, ਇਸ ਐਕਟ ਦੇ ਲਾਗੂ ਹੋਣ ਦੀ ਮਿਤੀ ਤੋਂ ਦੋ ਸਾਲ ਲੰਘਣ ਤੇ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

30.ਿ **ਨਰਦੇਸ਼ ਦੇਣ ਲਈ ਕੇਂਦਰੀ ਸਰਕਾਰ ਦੀ ਸ਼ਕਤੀ** : ਕੇਂਦਰ ਸਰਕਾਰ ਰਾਜ ਸਰਕਾਰਾਂ ਨੂੰ ਇਸ ਐਕਟ ਦੀਆਂ ਵਿਵਸਥਾਵਾਂ ਨੂੰ ਅਮਲ ਵਿੱਚ ਲਿਆਉਣ ਸੰਬੰਧੀ ਨਿਰਦੇਸ਼ ਦੇ ਸਕਦੀ ਹੈ।

31. **ਕੇਂਦਰ ਸਰਕਾਰ ਦੀ ਰੀਵਿਊ ਕਰਨ ਦੀ ਸ਼ਕਤੀ** : ਕੇਂਦਰ ਸਰਕਾਰ ਰਾਜ ਸਰਕਾਰਾਂ ਦੁਆਰਾ ਇਸ ਐਕਟ ਦੀਆਂ ਵਿਵਸਥਾਵਾਂ ਨੂੰ ਅਮਲ ਵਿੱਚ ਲਿਆਉਣ ਸੰਬੰਧੀ ਪ੍ਰਗਤੀ ਦਾ ਸਮੇਂ ਸਮੇਂ ਰੀਵਿਊ (ਆਂਕਣ) ਅਤੇ ਨਿਗਰਾਨੀ ਕਰ ਸਕਦੀ ਹੈ।

32. **ਰਾਜ ਸਰਕਾਰ ਦੀ ਨਿਯਮ ਬਣਾਉਣ ਦੀ ਸ਼ਕਤੀ:**

(1) ਰਾਜ ਸਰਕਾਰ ਦਫ਼ਤਰੀ ਗਜ਼ਟ ਵਿੱਚ ਨੋਟੀਫਿਕੇਸ਼ਨ ਕਰਕੇ ਇਸ ਐਕਟ ਦੇ ਮਨੋਰਥਾਂ ਦੀ ਪੂਰਤੀ ਹਿਤ ਨਿਯਮ ਬਣਾ ਸਕਦੀ ਹੈ।

(2) ਪਹਿਲਾਂ ਦੱਸੀ ਸ਼ਕਤੀ ਦੀ ਵਿਆਪਕਤਾ ਨੂੰ ਪ੍ਰਭਾਵਿਤ ਕੀਤੇ ਬਿਨਾਂ ਇਨ੍ਹਾਂ ਨਿਯਮਾਂ ਵਿੱਚ ਇਹ ਸ਼ਾਮਲ ਹੋਵੇਗਾ -

(ੳ) ਭਾਗ 8 ਦੇ ਉਪ-ਭਾਗ (1) ਅਨੁਸਾਰ ਨਿਰਧਾਰਤ ਨਿਯਮਾਂ ਮੁਤਾਬਿਕ ਭਾਗ 5 ਅਧੀਨ ਪੜਤਾਲ ਕਰਨ ਦਾ ਢੰਗ ;

(ਅ) ਭਾਗ 8 ਦੇ ਉਪ-ਭਾਗ (2) ਦੇ ਅਧੀਨ ਟਿਬਿਊਨਲ ਦੀ ਸ਼ਕਤੀ ਤੇ ਕਾਰਜ ਪ੍ਰਣਾਲੀ;



(ੲ) ਭਾਗ 9 ਦੇ ਉਪ-ਭਾਗ (2) ਦੇ ਤਹਿਤ ਟ੍ਰਿਬਿਊਨਲ ਵਲੋਂ ਵੱਧ ਤੋਂ ਵੱਧ ਜਿੰਨਾ ਗੁਜ਼ਾਰਾ ਭੱਤਾ ਕਰਨ ਦਾ ਹੁਕਮ ਦਿੱਤਾ ਜਾ ਸਕਦਾ ਹੈ;

(ਸ) ਬਿਰਧ-ਘਰਾਂ ਦੇ ਪ੍ਰਬੰਧ ਦੀ ਯੋਜਨਾ, ਭਾਗ 19 ਦੇ ਉਪ-ਭਾਗ (2) ਦੇ ਅਧੀਨ ਬਸੇਰਾ ਕਰਨ ਵਾਲਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਅਲੱਗ ਅਲੱਗ ਪ੍ਰਕਾਰ ਦੀਆਂ ਸੇਵਾਵਾਂ ਦੇ ਮਿਆਰਾਂ, ਲੋੜੀਂਦੀ ਚਿਕਿਤਸਿਕ ਦੇਖ-ਭਾਲ ਅਤੇ ਮਨ-ਪ੍ਰਚਾਵੇ ਲਈ ਸਾਧਨ ਸਮੇਤ;

(ਹ) ਐਕਟ ਦੇ ਭਾਗ 22 ਦੇ ਉਪ-ਭਾਗ (1) ਅਧੀਨ ਵਿਵਸਥਾਵਾਂ ਨੂੰ ਅਮਲ ਵਿੱਚ ਲਿਆਉਣ ਲਈ ਅਧਿਕਾਰੀਆਂ ਦੀਆਂ ਸ਼ਕਤੀਆਂ ਅਤੇ ਫ਼ਰਜ਼;

(ਕ) ਭਾਗ 22 ਦੇ ਉਪ-ਭਾਗ (2) ਅਧੀਨ ਬਜ਼ੁਰਗ ਨਾਗਰਿਕਾਂ ਦੀ ਜਾਨ ਤੇ ਜਾਇਦਾਦ ਦੀ ਰਾਖੀ ਲਈ ਵਿਆਪਕ ਕਾਰਜ-ਯੋਜਨਾ;

(ਖ) ਹੋਰ ਕੋਈ ਮਾਮਲਾ ਜੋ ਹੈ ਅਤੇ ਜੋ ਕੁਝ ਲੋੜੀਂਦਾ ਹੋਵੇ ਨਿਰਧਾਰਿਤ ਕੀਤਾ ਜਾ ਸਕਦਾ ਹੈ;

(3) ਇਸ ਐਕਟ ਅਧੀਨ ਬਣਾਇਆ ਜਾਣ ਵਾਲਾ ਨਿਯਮ, ਇਸ ਨੂੰ ਬਣਾਉਣ ਪਿੱਛੋਂ ਜਿੰਨੀ ਛੇਤੀ ਸੰਭਵ ਹੋਵੇ, ਵਿਧਾਨ ਸਭਾ ਦੇ ਦੋ-ਸਦਨ ਹੋਣ ਦੀ ਹਾਲਤ ਵਿੱਚ ਹਰ ਸਦਨ ਅੱਗੇ, ਜਿੱਥੇ ਇੱਕ ਸਦਨ ਹੈ ਤਦ ਉਸ ਸਦਨ ਦੇ ਅੱਗੇ ਰੱਖਿਆ ਜਾਵੇਗਾ।

✲✲✲

***ਜ਼ਰੂਰੀ ਨੋਟ:*** *ਇਕ ਦਹਾਕੇ ਤੋਂ ਇਸ ਕਾਨੂੰਨ ਦੇ ਪੰਜਾਬੀ ਰੂਪ ਦੀ ਸਖ਼ਤ ਘਾਟ ਮਹਿਸੂਸ ਹੋ ਰਹੀ ਸੀ।* ***ਮੁਹਾਲੀ ਸੀਨੀਅਰ ਸਿਟਿਜ਼ਨ ਐਸੋਸੀਏਸ਼ਨ*** *ਦੇ ਉਦਮ ਨਾਲ ਇਸ ਦਾ ਅਨੁਵਾਦ ਆਮ ਨਾਗਰਿਕਾਂ ਦੀ ਜਾਣਕਾਰੀ ਲਈ ਪੰਜਾਬ ਦੀ ਰਾਜ-ਭਾਸ਼ਾ ਪੰਜਾਬੀ ਵਿਚ ਤਿਆਰ ਕਰਵਾਇਆ ਗਿਆ ਹੈ। ਪੰਜਾਬੀ ਅਨੁਵਾਦ ਉਘੇ ਲੇਖਕ ਡਾ : ਕਰਨੈਲ ਸਿੰਘ ਸੋਮਲ ਵਲੋਂ ਕੀਤਾ ਗਿਆ ਹੈ। ਸਿਰਫ਼ ਅਨੁਵਾਦ ਹੀ ਨਹੀਂ ਉਨ੍ਹਾਂ ਵਲੋਂ ਇਸ ਦੀ ਕੰਪਿਊਟਰ ਤੇ ਕਾਪੀ ਵੀ ਤਿਆਰ ਕਰਕੇ ਦਿਤੀ ਗਈ ਹੈ। ਸ: ਜੋਗਿੰਦਰ ਸਿੰਘ ਧਮੀਜਾ ਨੇ ਇਸ ਦੀ ਕਾਨੂੰਨੀ ਪਖੋਂ ਬਹੁਤ ਬਰੀਕੀ ਨਾਲ ਸੋਧ ਕੀਤੀ ਹੈ। ਦੋਵਾਂ ਦਾ ਸਹਿਯੋਗ ਪ੍ਰਸ਼ੰਸਾ-ਯੋਗ ਹੈ।*

*ਇਸ ਕਾਨੂੰਨ ਦਾ ਪੰਜਾਬੀ ਅਨੁਵਾਦ ਕੇਵਲ ਜਾਣਕਾਰੀ ਲਈ ਹੈ, ਕਾਨੂੰਨੀ ਪ੍ਰਕ੍ਰਿਆ ਲਈ ਅੰਗਰੇਜ਼ੀ* ***ਸੰਸਕਰਣ*** *ਦੇਖੋ।*

*੨੦ ਜੁਲਾਈ ੨੦੧੬*

*ਜਰਨੈਲ ਸਿੰਘ*
*ਸਕੱਤਰ ਪ੍ਰਕਾਸ਼ਨ ਅਤੇ ਸੰਪਾਦਕ*
***ਮੁਹਾਲੀ ਸੀਨੀਅਰ ਸਿਟਿਜ਼ਨ ਐਸੋਸੀਏਸ਼ਨ***

Printed and Published by J. S. Thukral for and on behalf of Mohali Senior Citizens Association,
# 1119, Ph. 5, (Sec. 59), Mohali M. : 9872870188
Printed at Majestic Printing Press, Phase 7, Mohali, Ph. : 5090645 Email : majestic674340@gmail.com